


# ਇਰਾਦਾ

ਲੇਖਕ ਕੋਮਲਪ੍ਰੀਤ ਕੌਰ

ਮੈਨੂੰ ਕਮਜ਼ੋਰ ਨਾ ਸਮਝ ਇਹ ਮਰਦ,
ਮੈਂ ਆਪਣੇ ਜਜ਼ਬਾਤਾਂ ਨੂੰ ਜ਼ਿੰਦਾ ਲਾ
ਸਹੁਰਿਆਂ ਦਾ ਬੋਲ ਬੋਲਿਆ ਏ,
ਮੈਨੂੰ ਕਮਜ਼ੋਰ ਨਾ ਸਮਝ ਇਹ ਮਰਦ,
ਮੈਂ ਆਪਣੇ ਹੰਝੂਆਂ ਨੂੰ ਵਿਆਹ ਦੇ
ਸ਼ਰਬਤ ਸੰਗ ਖੋਲਿਆ ਏ,
ਮੈਨੂੰ ਕਮਜ਼ੋਰ ਨਾ ਸਮਝ ਇਹ ਮਰਦ,
ਮੈਂ ਆਪਣਿਆਂ ਦੀ ਖਾਤਿਰ ਅਰਮਾਨਾ
ਨੂੰ ਕੱਖਾਂ ਭਾਅ ਤੋਲਿਆ ਏ,
ਮੈਨੂੰ ਕਮਜ਼ੋਰ ਨਾ ਸਮਝ ਇਹ ਮਰਦ,
ਜਿਨ੍ਹਾਂ ਦਾ ਗਰੂਰ ਸੀ ਹੱਦ ਪੀੜ ਸਹਿਣ
ਕਰਨਾ ਮੈ ਉਹ ਗਰੂਰ ਰੋਲਿਆ ਏ,
ਮੈਨੂੰ ਕਮਜ਼ੋਰ ਨਾ ਸਮਝ ਇਹ ਮਰਦ,
ਮੈਂ ਤੇਰੇ ਸਾਰੇ ਸਰੀਰ ਜਿੰਨ੍ਹਾਂ ਖ਼ੂਨ
3 ਦਿਨਾਂ ਵਿੱਚ ਡੋਲਿਆ ਏ।

ਕੋਮਲਪ੍ਰੀਤ ਕੌਰ ✍

ਜੱਪ - ਚੱਲ ਯਾਰਾ ਚੱਲਦਾ ਹਾਂ

ਇਹਨਾਂ ਕਹਿ ਜੱਪ ਮਹਿਫਿਲ ਖਤਮ ਕਰ ਆਪਣੇ ਘਰ ਚਲਾ ਜਾਂਦਾ ਹੈ ਅਤੇ ਗੈਰਜ ਵਿੱਚ ਗੱਡੀ ਖੜ੍ਹੀ ਕਰ ਦਿੰਦਾ ਹੈ ।

ਕਵਲ- ਪੁੱਤ ਆ ਗੱਡੀ ਕਿਸ ਦੀ ਆ?

ਜੱਪ - ਮੰਮੀ ਆਪਣੀ

ਕਵਲ - ਤੂੰ ਪਾਗਲ ਹੋਇਆ ਜੱਪ, ਕਿੱਥੋਂ ਲੈ ਕੇ ਆਇਆ ਇਹਨੂੰ

ਜੱਪ- ਮੰਮੀ ਮੈਨੂੰ ਸੋਹਣੀ ਲੱਗੀ, ਮੈਂ ਲੈ ਆਇਆ

ਕਵਲ -ਪਰ ਇਹ ਕੋਈ ਖਿਡੌਣਾ ਥੋੜ੍ਹੀ ਆ ਵੀ ਤੂੰ ਬਿਨਾਂ ਪੁੱਛੇ ਲੈ ਆਇਆ ਗੱਡੀ ਆ ਤੇ ਉਹ ਵੀ ਮਹਿੰਗੀ ਕੋਈ ਅਕਲ ਦੀ ਗੱਲ ਕਰ ਲਿਆ ਕਰ

ਜੱਪ - ਬਸ ਕਰ ਮੰਮੀ ਮੇਰੇ ਕੋਲ ਹੈਗੇ ਸੀ ਪੈਸੇ

ਇਹਨੇ ਨੂੰ ਜੱਪ ਦਾ ਦਾਦਾ ਆਉਂਦਾ ਹੈ ਅਤੇ ਜੱਪ ਬੁੜ ਬੁੜ ਕਰਦਾ ਅੰਦਰ ਤੁਰ ਜਾਂਦਾ ਹੈ

ਦਰਸ਼ਨ ਸਿੰਘ (ਜੱਪ ਦਾ ਦਾਦਾ) - ਕੀ ਹੋਇਆ ਧੀਏ। ਕਿਉਂ ਰੌਲਾ ਪਾਇਆ

ਕਵਲ - ਪਾਪਾ ਉਮਰ ਤੋਂ ਵੱਡੇ ਕੰਮ ਕਰਨ ਲੱਗ ਗਿਆ ਪਤਾ ਨੀ ਕਿਸ ਤੋਂ ਪੁੱਛ ਗੱਡੀ ਲੈ ਆਇਆ

ਦਰਸ਼ਨ ਸਿੰਘ - ਕੋਈ ਨੀ ਧੀਏ ਵੱਡਾ ਹੋ ਕੇ ਆਪੇ ਸੁਧਰ ਜਾਊ, ਤੂੰ ਵਾਲੀ ਫਿਕਰ ਨਾ ਕਰਿਆ ਕਰ। ਚੱਲ ਆਜਾ ਚਾਹ ਬਣਾ ਦੇ ਮੈਨੂੰ

ਕਵਲ - ਹਾਂਜੀ

ਬੜੇ ਹੈਰਾਨ ਅਤੇ ਪਰੇਸ਼ਾਨ ਚਿਹਰੇ ਨਾਲ ਕਵਲ ਘਰ ਦਾ ਕੰਮ ਕਰਨ ਲੱਗ ਜਾਂਦੀ ਹੈ ਅਤੇ ਆਪਣੇ ਵੱਡੇ ਮੁੰਡੇ ਨਾਲ ਛੋਟੇ ਮੁੰਡੇ ਦੀ ਕਰਤੂਤ ਵੀ ਸਾਂਝੀ ਕਰਦੀ ਹੈ ।

ਸ਼ਾਨ - ਛੱਡੋ ਮੰਮੀ ਮੇਰਾ ਸਿਰ ਪਹਿਲਾਂ ਦੁਖੀ ਜਾਂਦਾ

ਕਵਲ - ਲਿਆ ਪੁੱਤ ਮੈਂ ਤੇਰੇ ਸਿਰ 'ਚ ਤੇਲ ਝੱਸ ਦਿੰਦੀ ਆ। ਤੈਨੂੰ ਪਤਾ ਸ਼ਾਨ ਇਹ ਕੇਸ ਬੜੇ ਭਾਗਾਂ ਵਾਲਿਆਂ ਨੂੰ ਮਿਲਦੇ ਆ ਤੂੰ ਬੜੇ ਭਾਗਾਂ ਵਾਲਾ ਬਾਬਾ ਜੀ ਬਹੁਤ ਮਿਹਰਬਾਨ ਨੇ ਤੇਰੇ ਤੇ। ਬੜੀਆਂ ਸ਼ਹੀਦੀਆਂ ਨਾਲ ਮਿਲੇ ਆ ਆਪਾ ਨੂੰ ਇਹ ਕੇਸ

ਸ਼ਾਨ ਕੁਝ ਜਿਆਦਾ ਧਿਆਨ ਨਾ ਦਿੰਦੇ ਹੋਏ ਫੋਨ 'ਚ ਵਿਅਸਤ ਸੀ ਅਤੇ ਹਰ ਗੱਲ ਦਾ ਜਵਾਬ ਹਾਂ ਹਾਂ ਵਿੱਚ ਦੇ ਰਿਹਾ ਸੀ ਅਤੇ ਕਵਲ ਹਮੇਸ਼ਾ ਵਾਂਗ ਬੱਚਿਆਂ ਨੂੰ ਚੰਗੇ ਗੁਣ ਸਿਖਾਂ ਰਹੀ ਸੀ

ਮੈਂ ਸਕੂਲ ਤੋਂ ਆ ਕੇ ਰੋਜ਼ ਵਾਂਗ ਬੈਗ ਉਤਾਰ ਕੇ ਮੰਮੀ ਨੂੰ ਲੱਭਣ ਲੱਗੀ ਅਤੇ ਉਹ ਹਮੇਸ਼ਾ ਵਾਂਗ ਰਸੋਈ ਵਿੱਚ ਕੋਈ ਕੰਮ ਕਰਦੀ ਹੁੰਦੀ ਅਤੇ ਕਿਸੇ ਦਾ ਫੋਨ ਨਾ ਆ ਜਾਵੇ ਇਸ ਲਈ ਉਹ ਫੋਨ ਵੀ ਰਸੋਈ ਵਿੱਚ ਚਾਰਜ ਲਾਉਂਦੀ। ਇੱਕ ਦਮ ਫੋਨ ਆਵਾਜ਼ ਕਰਨ ਲੱਗ ਗਿਆ। ਅਸਲ ਵਿੱਚ ਕਿਸੇ ਅਣਜਾਣ ਸ਼ਕਸ਼ ਦਾ ਫੋਨ ਆ ਰਿਹਾ

ਮੈਂ - ਹੈਲੋ

ਅਣਜਾਣ ਸ਼ਕਸ਼ - ਹਾਂਜੀ, ਸਤਿ ਸ਼੍ਰੀ ਅਕਾਲ

ਮੈਂ - ਸਤਿ ਸ਼੍ਰੀ ਅਕਾਲ,ਕੌਣ?

ਅਣਜਾਣ ਸ਼ਕਸ਼ - ਮੈਂ ਕਵਲ ਕੈਲਗਿਰੀ ਤੋਂ

ਮੈਂ - ਹਾਂਜੀ ,

ਕਵਲ - ਮੈਂ ਤੁਹਾਡੀ ਇੱਕ ਕਿਤਾਬ ਪੜੀ ਰਚਨਾ ਵਧੀਆ ਸੀ ਪਰ ਤੁਸੀਂ ਔਰਤ ਨੂੰ ਜਿਆਦਾ ਹੀ ਕਮਜ਼ੋਰ ਸਮਝ ਲਿਆ।

ਮੈਂ - ਨਹੀਂ ਜੀ ਪਰ ਇਹ ਬਹੁਤ ਔਰਤਾਂ ਨਾਲ ਹੁੰਦਾ ਹੈ ਕਿ ਉਹਨਾਂ ਨੂੰ ਸਹੁਰੇ ਘਰ ਵੱਲੋ ਪਰੇਸ਼ਾਨ ਕੀਤਾ ਜਾਂਦਾ ਹੈ ਅਤੇ ਉਹ ਸਭ ਪਰਿਵਾਰ ਦੀ ਖਾਤਿਰ ਸਹਿਣ ਵੀ ਕਰਦੀਆਂ ਨੇ ਅਤੇ ਮੈਂ ਉਹੀ ਲਿਖਿਆ ਹੈ ।

ਕਵਲ - ਕੀ ਤਹਾਨੂੰ ਔਰਤ ਏਦਾਂ ਦੀ ਮਾਲੂਮ ਹੁੰਦੀ ਹੈ? ਅਗਰ ਹਾਂ ਤਾਂ ਹਾਲੇ ਤੱਕ ਤੁਸੀਂ ਔਰਤ ਸ਼ਬਦ ਦੇ ਮਤਲਬ ਨਾਲ ਵਾਕਿਫ ਨਹੀਂ ਹੋ। ਜੇ ਔਰਤ ਸਹਿਣ ਕਰ ਸਕਦੀ ਹੈ ਤਾਂ ਸਹਿਣ ਕਰਾ ਵੀ ਸਕਦੀ ਹੈ । ਜੇ ਔਰਤ ਦੇ ਹਲੀਮੀ ਨਾਲ ਪੇਸ਼ ਆਉਣ ਨਾਲ ਵੀ ਬੰਦੇ ਉਸ ਤੇ ਹੋਰ ਵੀ ਜੁਲਮ ਕਰਦਾ ਹੈ ਤਾਂ ਇਹ ਔਰਤ ਦੀ ਹੀ ਗਲਤੀ ਹੈ ਉਸ ਨੇ ਆਪ ਆਪਣੇ ਬੰਦੇ ਨੂੰ ਹੈਵਾਨ ਬਣਾਇਆ ਹੈ ਨਾ ਕੁਝ ਬੋਲ ਕੇ ਜੇ ਔਰਤ ਆਪ ਆਪਣੇ ਲਈ ਸਟੈਂਡ ਲਵੇ ਤਾਂ ਉਹ ਹੈਵਾਨ ਨੂੰ ਵੀ ਇਨਸਾਨ ਬਣਾ ਸਕਦੀ ਹੈ।

ਮੈਂ ਇਹ ਸਭ ਗੱਲਾਂ ਔਰਤਾਂ ਵਾਰੇ ਪਹਿਲਾਂ ਤੋਂ ਹੀ ਜਾਣਦੀ ਸੀ ਪਰ ਹੈਰਾਨ ਵੀ ਸੀ ਕਿ ਪਹਿਲੀ ਵਾਰ ਬਾਤ - ਚੀਤ ਤੇ ਹੀ ਏਦਾਂ ਦਾ ਸਲੂਕ ਕੋਈ ਕਿਵੇਂ ਕਰ ਸਕਦਾ। ਪਰ ਹਾਂ ਉਹਨਾਂ ਲਈ ਇੱਜ਼ਤ ਦੀ ਭਾਵਨਾ ਵੀ ਪੈਦਾ ਹੋਈ ਕੀ ਸ਼ੁਕਰ ਹੈ ਕੋਈ ਤਾਂ ਸਮਾਜ ਨੂੰ ਬਦਲਣ ਦੀ ਸੋਚ ਰੱਖਦਾ ਹੈ। ਮੇਰੇ ਥੋੜੀ ਦੇਰ ਨਾ ਬੋਲਣ ਤੇ ਕਵਲ ਜੀ ਨੇ ਫੋਨ ਕੱਟ ਦਿੱਤਾ ਪਰ ਮੈਂ ਉਹਨਾਂ ਵਾਰੇ ਸੋਚਣ ਲੱਗੀ।

ਕੀ ਹਿਸਾਬ ਲਾਵਾਂ ਇਸ ਅਵਾਜ਼ ਦਾ

ਕਿ ਕਿਵੇਂ ਦੀ ਹੋਵੇਗੀ ਤੂੰ

ਨਹੀਂ ਪਤਾ ਸੀ ਕਿ ਮੇਰੇ ਲਫਜ਼

ਇੰਝ ਵਾਰ ਕਰਨਗੇ ਤੇ ਰੋਵੇਗੀ ਤੂੰ

ਤੇਰੀ ਇਸ ਅਵਾਜ਼ ਨਾਲ ਮੇਰੀ ਨੀਂਦ

ਤਾਂ ਉੱਡ ਗਈ

ਖੋਰੇ ਮੇਰੀ ਚੁੱਪੀ ਨਾਲ ਜਾਗੇਗੀ ਜਾਂ

ਸੋਵੇਗੀ ਤੂੰ

ਲਵਾਂਗਾ ਜਰੂਰ ਇਸ ਸਵਾਲ ਦਾ ਜਵਾਬ

ਖੋਰੇ ਖੁਸ਼ ਹੋਵੇਗੀ ਜਾ ਹੋਰ ਸਵਾਲ  ਵਿੱਚ

ਪਰੋਵੇਗੀ ਤੂੰ

ਅੱਗਲੇ ਦਿਨ ਮੈਂ ਉਹਨਾਂ ਨੂੰ ਫੋਨ ਲਾਇਆ ਅਤੇ ਥੋੜੀ ਗੱਲ-ਬਾਤ ਤੋਂ ਬਾਅਦ ਮੈਂ ਫਿਰ ਕੱਲ੍ਹ ਵਾਲੀ ਗੱਲ ਸ਼ੁਰੂ ਕੀਤੀ ਅਤੇ ਕਿਹਾ

ਮੈਂ - ਤੁਸੀਂ ਕਿਵੇਂ ਬਦਲ ਸਕਦੇ ਹੋ ਸਮਾਜ

ਕਵਲ - ਆਪਣੇ ਘਰ ਤੋਂ

ਮੈਂ - ਅੱਛਾ ਜੀ

ਕਵਲ - ਹਾਂਜੀ, ਮੈਂ ਵੀ ਬਹੁਤ ਕੁੱਝ ਬਦਲਿਆ ਏ, ਆਪਣਾ ਘਰ...

ਇਸ ਤਰ੍ਹਾਂ ਹੀ ਅਸੀ ਬਹੁਤ ਸਮੇਂ ਗੱਲ ਕਰਦੇ ਰਹੇ ਤੇ ਹੌਲੀ ਹੌਲੀ ਪਤਾ ਲੱਗਿਆ ਵੀ ਕਵਲ ਦਾ ਪੇਕਾ ਪਰਿਵਾਰ ਬਹੁਤ ਵੱਡਾ ਸੀ ਅਤੇ ਉਹ ਇਕੱਲੀ ਧੀ ਸੀ ਪਿੰਡ ਦੇ ਸਰਪੰਚ ਦੀ ਜਿਸ ਕਾਰਨ ਉਹ ਬਹੁਤ ਲਾਡਾਂ ਨਾਲ ਪਲੀ ਹੋਈ ਸੀ । ਸਮੇਂ ਆਉਣ ਤੇ ਰਿਸ਼ਤਾ ਵੀ ਉਸ ਪਰਿਵਾਰ ਦੇ ਹਾਣ ਦਾ ਲੱਭਿਆ ਗਿਆ ਭਾਵ ਅਮੀਰ ਅਤੇ ਚੰਗੇ ਘਰ ਦਾ ਅਤੇ ਕਵਲ ਦਾ ਘਰਵਾਲਾ ਵੀ ਉਸ ਵਾਂਗ ਸੋਹਣਾ - ਸੁਨੱਖਾ ਸੀ ਅਤੇ ਸੱਸ ਸਹੁਰਾ ਵੀ ਉਸ ਨੂੰ ਜਮਾਂ ਧੀਆਂ ਵਾਂਗ ਪਿਆਰ ਕਰਦੇ ਸਨ। ਜਦੋਂ ਵੀ ਕੋਈ ਮੁਸ਼ਕਿਲ ਆਉਦੀਂ ਤਾਂ ਉਹ ਆਪਣੇ ਸਾਰੇ ਦੁੱਖ-ਸੁੱਖ ਆਪਣੀ ਮਾਂ ਵਰਗੀ ਸੱਸ ਨਾਲ ਸਾਂਝਾ ਕਰ ਲੈਂਦੀ। ਉਸ ਤੇ ਕਦੇ ਕੋਈ ਮੁਸ਼ਕਿਲ ਨਹੀਂ ਆਈ। ਪੇਕੇ ਘਰ ਅਤੇ ਸਹੁਰੇ ਘਰ ਦੋਨਾਂ ਘਰਾਂ ਵਿੱਚ ਨੌਕਰ ਹੋਣ ਕਾਰਨ ਕੰਮ ਕਰਨ ਦੀ ਵੀ ਬਹੁਤੀ ਲੋੜ ਨਾ ਪੈਂਦੀ। ਸਮੇਂ ਨਾਲ ਘਰ ਵਿੱਚ ਦੋ ਪੁੱਤਰਾਂ ਦੀ ਦਾਤ ਹੋਈ । ਪਰ ਇਹ ਸਮੇਂ ਤੋਂ 15-16 ਸਾਲ ਬਾਅਦ ਕਵਲ ਦੀਆਂ ਸਭ ਖੁਸ਼ੀਆ ਨੂੰ ਨਜ਼ਰ ਲੱਗਣ ਲੱਗੀ ਜਦੋਂ ਦੋਵੇਂ ਮੁੰਡੇ ਹੱਦ ਤੋਂ ਵੱਧ ਪਰੇਸ਼ਾਨ ਕਰਨ ਲੱਗ ਗਏ। ਸਾਰਾ ਦਿਨ ਯਾਰਾਂ ਨਾਲ ਬਿਤਾਉਣਾ, ਅਵਾਰਾਗਰਦੀ ਕਰਨੀ ਅਤੇ ਲੋਕਾਂ ਤੇ ਪੂਰਾ ਰੋਹਬ ਪਾਉਣਾ ਆਮ ਗੱਲ ਸੀ। ਆਪਣੀ ਮਰਜ਼ੀ ਨਾਲ ਉਹ ਸਭ ਕਰਦੇ ਜੋ ਉਹਨਾਂ ਨੂੰ ਚੰਗਾ ਲੱਗਦਾ ਅਤੇ ਕੋਈ ਰੋਕ - ਟੋਕ ਵੀ ਨਹੀਂ ਸੀ। ਕਵਲ ਬਥੇਰਾ

ਰੋਕਦੀ ਪਰ ਕੋਈ ਪੁੱਤ ਜਵਾਨੀ ਵਿੱਚ ਮਾਪਿਆਂ ਦੀ ਸੁਣੇ ਇਹ ਅੱਜ-ਕੱਲ੍ਹ ਔਖਾ ਹੀ ਮਿਲਦਾ ਹੈ। ਛੋਟੇ ਮੁੰਡੇ ਦੀ ਆਪਣੀ ਮਰਜ਼ੀ ਨਾਲ ਕਾਰ ਲਿਆਉਣ ਤੇ ਕਵਲ ਬਹੁਤ ਪਰੇਸ਼ਾਨ ਸੀ ਫਰਕ ਇੱਕ ਤਰਫੋਂ ਇਹ ਵੀ ਸੋਚਦੀ ਕਿ ਨਾ ਤਾਂ ਨਸ਼ੇ ਕਰਦੇ ਆ ਅਤੇ ਨਾ ਆਪਣੀ ਪਹਿਚਾਨ ਰੋਲੀ ਅਤੇ ਨਾ ਕੋਈ ਕੁੜੀ ਵਾਲੀ ਸ਼ਿਕਾਇਤ। ਇਹਦਾ ਸੋਚ ਕਵਲ ਹਰ ਵਾਰ ਉਹਨਾਂ ਦੀਆਂ ਗਲਤੀਆਂ ਨੂੰ ਨਜ਼ਰ ਅੰਦਾਜ਼  ਕਰਦੀ। ਕੁਝ ਕੁ ਦਿਨਾਂ ਬਾਅਦ ਸ਼ਾਨ ਘਰ ਲੇਟ ਆਉਂਦਾ ਹੈ। ਵਜ੍ਹਾ ਜਾਨਣ ਲਈ ਕਵਲ ਸ਼ਾਨ ਦੇ ਕਮਰੇ ਵਿੱਚ ਜਾਂਦੀ ਹੈ ਅਤੇ ਉਹ ਸ਼ੀਸ਼ੇ ਅੱਗੇ ਖੜਾ ਹੁੰਦਾ ਹੈ।

ਕਵਲ - ਵੇ ਸ਼ਾਨ ਆ ਕੀ ਕਰਤਾ ਤੂੰ, ਹਾਏ ਵੇ ਮੈਂ ਬੱਚਿਆਂ ਵਾਂਗ ਪਾਲੇ ਸੀ ਇਹ, ਤੈਨੂੰ ਰਤਾ ਸ਼ਰਮ ਨਾ ਆਈ ਕੱਟਵਾਉਂਦੇ ਨੂੰ। (ਉੱਚੀ ਉੱਚੀ ਰੋਂਦੀ ਹੈ ਅਤੇ ਬੋਲਦੀ ਹੈ)

ਸ਼ਾਨ - ਮੰਮੀ ਸਾਰੇ ਮੁੰਡੇ ਕਟਵਾਉਦੇ ਆ ਨਾਲੇ ਮੇਰਾ ਸਿਰ ਦੁੱਖਦਾ ਇਹਨਾਂ ਨੂੰ ਰੱਖ ਕੇ

ਕਵਲ - ਮੇਰੇ ਹੱਥ ਤਾਂ ਨਹੀਂ ਸੀ ਦੁੱਖਦੇ ਇਹਨਾਂ ਦੀ ਸਾਂਭ ਕਰਦਿਆਂ ।

ਕਵਲ ਦੇ ਇਹਨਾਂ ਰੋਣ ਨਾਲ ਸਾਰੇ ਘਰ ਦੇ ਇਕੱਠੇ ਹੋ ਜਾਂਦੇ ਹਨ ਅਤੇ ਸਾਰੇ ਜਾਣੇ ਸ਼ਾਨ ਨੂੰ ਗਾਲਾਂ ਕੱਢਣ ਲੱਗ ਜਾਂਦੇ ਹਨ।

ਕਵਲ ਜੋ ਇੱਕ ਸੋਹਲ ਕੁੜੀ ਹੈ ਉਸ ਤੋਂ ਇਹ ਸਭ ਬਰਦਾਸ਼ਤ ਨਹੀਂ ਹੋਇਆ ਅਤੇ ਅਤੇ ਉਹ ਬਿਮਾਰ ਹੋਗੀ। ਕਵਲ ਇਹ ਘਟਨਾ ਸੋਚ - ਸੋਚ ਸਾਰਾ ਦਿਨ ਰੋਂਦੀ ਰਹਿੰਦੀ ਅਤੇ ਘਟ - ਵੱਧ ਹੀ ਖਾਂਦੀ। ਸਭ ਰਿਸ਼ਤੇਦਾਰਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਅਤੇ ਸਭ ਨੇ ਬਹੁਤ ਲਾਹਨਤਾਂ ਪਾਈਆਂ । ਕਵਲ ਇੱਕ ਤਾਂ ਕੇਸਾਂ ਕਰਕੇ ਪਰੇਸ਼ਾਨ ਸੀ ਅਤੇ ਇੱਕ ਰਿਸ਼ਤੇਦਾਰਾਂ ਕਾਰਨ ਜਿਸ ਬੰਦੇ ਨੇ ਕਦੇ ਦੁੱਖ ਨਾ ਦੇਖੇ ਹੋਣ ਉਹਨੂੰ ਹਰ ਦੁੱਖ ਬਹੁਤ ਵੱਡਾ ਲੱਗਦਾ ਹੈ। ਉਸ ਨੇ ਤਕਰੀਬਨ 3 ਹਫ਼ਤੇ ਸ਼ਾਨ ਨੂੰ ਨਾ ਬੁਲਾਇਆ ਅਤੇ ਇਕੱਲੀ ਕਮਰੇ ਵਿੱਚ ਬੈਠੀ ਸੋਚਦੀ ਅਤੇ ਰੋਂਦੀ ਰਹਿੰਦੀ ਬਾਕੀ ਰਹਿੰਦੀ ਕਸਰ ਰਿਸ਼ਤੇਦਾਰ ਕੱਢ ਦਿੰਦੇ ਸਨ। ਬਹੁਤ ਦਿਨ ਕਮਰੇ ਵਿੱਚ ਬੈਠਣ ਤੋਂ ਬਾਅਦ ਉਹ ਉਸੇ ਸ਼ੀਸ਼ੇ ਅੱਗੇ ਖੜੀ ਹੋ ਜਾਂਦੀ ਹੈ ਜਿਸ ਅੱਗੇ ਸ਼ਾਨ ਖੜ੍ਹਾ ਹੋਇਆ ਸੀ ਅਤੇ ਬੋਲਦੀ ਹੈ..

ਕਵਲ - ਹੁਣ ਮੇਰੀ ਵਾਰੀ ਹੈ, ਮੈਂ ਸਹੀ ਕਰਾਂਗੀ ਹੁਣ ਇਹਨਾਂ ਨੂੰ ਅਤੇ ਫਿਰ ਇਹ ਕਦੇ ਗਲਤ ਨਹੀਂ ਹੋਣਗੇ। ਜੇ ਇਹਨਾਂ ਨੂੰ ਵਿਗਾੜਿਆ ਅਮੀਰੀ ਨੇ ਹੈ ਤਾਂ ਮੈਂ ਸਹੀ ਕਰਾਂਗੀ।

ਇੱਕ ਨਰਮ ਜੇ ਬੰਦੇ ਵਾਸਤੇ ਇਹ ਕਹਿਣਾ ਬਹੁਤ ਸੋਖਾ ਹੁੰਦਾ ਹੈ ਪਰ ਕਰਨਾ ਔਖਾ ।

ਹੁਣ ਠਾਣੀ ਹੈ ਮੈਂ ਅੱਗੇ ਵੱਧਣ ਦੀ
ਪਿੱਛੇ ਨੀ ਮੁੜਨਾ
ਇਹਨਾਂ ਰਿਸ਼ਤੇਦਾਰਾਂ ਦੇ ਤਾਹਨਿਆ
ਤੋਂ ਮੈਂ ਨਹੀਂ ਝੂਰਨਾ
ਚਾਹੇ ਲੱਖ ਆਉਣ ਮੁਸ਼ਕਿਲਾਂ ਤੂਫਾਨਾ
ਵਿੱਚ ਵੀ ਤੁਰਨਾ
ਜਦੋਂ ਹਾਸਿਲ ਹੋਏ ਮੁਕਾਮ ਫਿਰ
ਆਪਣਿਆਂ ਨੇ ਹੀ ਪੂਰਨਾ
ਹੁਣ ਠਾਣੀ ਹੈ ਮੈਂ ਅੱਗੇ ਵੱਧਣ ਦੀ
ਪਿੱਛੇ ਨੀ ਮੁੜਨਾ................

ਅਗਲੇ ਦਿਨ ਦੀਪ (ਕਵਲ ਦਾ ਪਤੀ) ਚਾਹ ਪੀ ਰਿਹਾ ਹੁੰਦਾ ਹੈ।

ਕਵਲ - ਤੁਸੀਂ ਕੁੱਝ ਖਾਣ ਪੀਣ ਨੂੰ ਲੈ ਲਵੋ ਫਿਰ ਕੀ ਪਤਾ ਕੀ ਫੈਕਟਰੀ ਦੇ ਕੰਮ 'ਚ ਵੇਲ ਨਾ ਮਿਲੇ ਏਵੇਂ ਭੁੱਖੇ ਤਾਂ ਨਹੀਂ ਹੋਵੋਗੇ।

ਦੀਪ - ਨਹੀਂ ਨਹੀਂ ਅੱਜ ਤਾਂ ਬੱਸ ਸਮਾਨ ਹੀ ਭੇਜਣਾ। ਡੀਲ ਤਾਂ ਕੱਲ ਹੋਗੀ ਸੀ ਆਪਾਂ ਨੂੰ ਬਹੁਤ ਫਾਇਦਾ ਹੋਇਆ। ਵੈਸੇ ਤੂੰ ਹੁਣ ਠੀਕ ਆ।

ਕਵਲ - ਹਾਂਜੀ

ਦੀਪ - ਹੌਲੀ ਹੌਲੀ ਸਭ ਭੁੱਲ ਜਾ ਹੁਣ ਕੀ ਕਰ ਸਕਦੇ ਆ ਜਦੋਂ ਔਲਾਦ ਹੀ ਇਹੋ ਜਿਹੀ ਆ

ਕਵਲ - ਕਰ ਸਕਦੇ ਆ, ਜੇ ਤੁਸੀਂ ਮੇਰਾ ਸਾਥ ਦੇਵੋ

ਅਮਨ - ਅੱਛਾ, ਕਿਵੇਂ

ਕਵਲ - ਤੁਸੀਂ ਮੇਰਾ ਵੀਜ਼ਾ ਲਵਾ ਦੇਵੋ, ਮੈਂ ਬਾਹਰ ਕੱਢ ਲਵਾਂਗੀ ਦੋਹਾਂ ਨੂੰ ਅਤੇ ਉਥੇ ਸ਼ਾਇਦ ਸੁਧਰ ਵੀ ਜਾਣ

ਦੀਪ - ਤੂੰ ਪਾਗਲ ਹੋਈ ਏ, ਤੂੰ ਇਕੱਲੀ ਕਿਵੇਂ ਜਾਵੇਗੀ ਅਤੇ ਰਹੇਗੀ ਕਿਵੇਂ, ਕੌਣ ਸੰਭਾਲ ਕਰੂ ਤੇਰੀ, ਕੀ ਪਤਾ ਤੈਨੂੰ ਬਾਹਰ ਵਾਰੇ, ਤੂੰ ਕੱਲੀ ਕਦੇ ਪਿੰਡ ਤੋਂ ਬਾਹਰ ਨਹੀ ਗਈ ਬਹੁਤ ਔਖਾ ਹੋ ਜਾਣਾ (ਇੱਕ ਦਮ ਇਹਨੇ ਸਾਰੇ ਸਵਾਲ ਇੱਕਠੇ ਬੋਲਦੇ ਹੋਏ)

ਕਵਲ - ਇਹਨੇ ਸਵਾਲ, ਕੋਈ ਨੀ ਆਪਣੇ ਪਿੰਡੋਂ ਕਈ ਜਾਣੇ ਗਏ ਹੋਏ ਆ, ਮੈਂ ਵੀ ਉਹਨਾਂ ਕੋਲ ਚਲੀ ਜਾਊ। ਨਾਲੇ ਸ਼ਾਨ ਹੁਣਾ ਦਾ ਸੁਪਨਾ ਵੀ ਤਾਂ ਸੀ ਬਾਹਰ ਜਾਣ ਦਾ।

ਦੀਪ - ਚੱਲ ਤੂੰ ਦੇਖ ਲਾ ਪਰ ਮੈਂ ਤਾਂ ਹੱਕ ਵਿੱਚ ਨਹੀਂ ਹਾਂ ਇਸਦੇ

ਕਵਲ - ਹਾਂਜੀ, ਮੈਂ ਠਾਣ ਲਿਆ ਹੈ ਜਾਣ ਦਾ

ਦੀਪ - ਚੱਲ ਤੂੰ ਕਰ ਲਾ ਸਲਾਹ ਫਿਰ ਸਾਰਿਆਂ ਨਾਲ

ਕੁਝ ਕੁ ਸਮਾਂ ਪਿੱਛੋਂ ਕਵਲ ਟੂਰਿਸਟ ਵੀਜ਼ੇ ਤੇ ਬਾਹਰ ਚੱਲੀ ਜਾਂਦੀ ਹੈ ਵੈਸੇ ਤਾਂ ਉਸਨੇ ਆਪਣੇ ਪਿੰਡ ਦੇ ਇੱਕ ਪਰਿਵਾਰ ਕੋਲ ਹੀ ਰਹਿਣਾ ਸੀ ਪਰ ਫਿਰ ਵੀ ਆਪਣੇ ਘਰੋਂ ਦੂਰ ਰਹਿਣਾ ਔਖਾ ਹੈ ਅਤੇ ਕਵਲ ਨੇ ਪੰਜਾਬ ਤੋਂ ਪੈਸੇ ਘੱਲਣ ਵਾਰੇ ਵੀ ਮਨਾਂ ਕਰਤਾ। ਜਿਸਦਾ ਸਾਰਾ ਘਰ ਦਾ ਕੰਮ ਨੌਕਰ ਕਰਦੇ ਹੋਣ ਉਹਨੂੰ ਹੁਣ ਘਰ ਦਾ ਕੰਮ ਅਤੇ ਨਾਲ ਨਾਲ ਖਾਣਾ ਬਣਾਉਣ ਵਾਲੀ ਦੁਕਾਨ ਤੇ ਵੀ ਕੰਮ ਕਰਨਾ ਪੈਂਦਾ ਸੀ। ਇਹਨਾਂ ਮੁਸ਼ਕਿਲਾਂ ਵਿੱਚ ਉਹ ਹਜ਼ਾਰਾਂ ਵਾਰ ਰੋਂਦੀ ਪਰ ਕਿਸੇ ਨੂੰ ਦੁੱਖ ਨਹੀਂ ਸੀ ਦੱਸਦੀ ਅਤੇ ਫਿਰ ਇਰਾਦਾ ਯਾਦ ਕਰ ਚੁੱਪ ਹੋ ਜਾਂਦੀ । ਕੰਮ ਦਾ ਸਮਾਂ ਸਹੀ ਨਾ ਹੋਣ ਕਾਰਨ ਉਹਨੇ ਕਈ ਕੰਮ ਬਦਲੇ ਅਤੇ ਆਖਿਰ ਉਹ ਖਾਣਾ ਪੈਕ ਕਰਨ ਦਾ ਕੰਮ ਤੇ ਲੱਗ ਗਈ। ਇਹ ਸਭ ਦੇ ਵਿੱਚ ਦੋਵਾਂ ਜਵਾਕਾਂ ਨੂੰ ਪੂਰੀ ਉਮੀਦ ਸੀ ਕਿ ਉਹਨਾਂ ਦਾ ਵੀ ਬਾਹਰ ਦਾ ਵੀਜ਼ਾ ਆ ਜਾਵੇਗਾ ਅਤੇ ਉਹ ਬਾਹਰ ਦਾ ਆਨੰਦ ਮਾਣ ਸਕਣਗੇ। ਤਕਰੀਬਨ ਇੱਕ ਸਾਲ ਦੇ ਵਿੱਚ ਹੀ ਦੋਵੇ ਬੱਚਿਆਂ ਦਾ ਵੀਜ਼ਾ ਲੱਗ ਗਿਆ ਅਤੇ ਉਥੇ ਉਹਨਾਂ ਦੀ ਜਿੰਦਗੀ ਵਿੱਚ ਬਹੁਤ ਬਦਲਾਵ ਆਇਆ। ਹਰ ਚੀਜ਼ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ। ਹਰ ਚੀਜ਼ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ। ਆਪਣੇ ਘਰ ਦਾ ਰੈਂਟ, ਕਿਸ਼ਤਾਂ ਅਤੇ ਘਰ ਦੇ ਰਾਸ਼ਨ ਵਿੱਚ ਹੀ ਪੂਰੀ ਕਮਾਈ ਨਿਕਲ ਜਾਂਦੀ। ਹੁਣ ਸ਼ਾਨ ਵੀ 18 ਸਾਲ ਦਾ ਹੋ ਗਿਆ ਸੀ ਅਤੇ ਇਧਰ ਉਧਰ ਕੰਮ ਦੀ ਭਾਲ ਵੀ ਕਰਨ

ਲੱਗ ਗਿਆ। ਲੱਭਦੇ - ਲਭਾਉਦੇ ਇੱਕ ਚੰਗੀ ਨੌਕਰੀ ਮਿਲੀ ਜਿਸ ਦੀ ਇੰਟਰਵਿਊ ਹੋਣੀ ਸੀ। ਇੰਟਰਵਿਊ ਸਮੇਂ ਦੋ ਜਾਣੀਆਂ ਨੂੰ ਇੱਕਠੇ ਬੈਠਾ ਸਵਾਲ ਕੀਤੇ ਗਏ। ਸ਼ਾਨ ਦੀਆਂ ਗੱਲਾਂ ਤੋਂ ਆਮ ਹੀ ਪਤਾ ਲੱਗਦਾ ਸੀ ਕਿ ਉਸਨੇ ਪਹਿਲਾਂ ਕੌਈ ਕੰਮ ਨਹੀਂ ਕੀਤਾ ਪਰ ਹਾਂ। ਉਸਨੂੰ ਥੋੜੀ - ਬਹੁਤੀ ਜਾਣਕਾਰੀ ਜਰੂਰ ਸੀ। ਕੰਮ ਵਾਰੇ ਥੋੜੀ ਨਾਲ ਦੇ ਨੂੰ ਵੀ ਥੋੜੀ ਜਾਣਕਾਰੀ ਸੀ  ਪਹਿਲਾਂ ਉਹ ਇੱਕ ਸਰਦਾਰ ਮੁੰਡਾ ਸੀ ਅਤੇ ਇੰਟਰਵਿਊ ਲੈਣ ਵਾਲੇ ਨੂੰ ਸਰਦਾਰ ਲੋਕ ਬਹੁਤ ਪੰਸਦ ਸਨ ਕਿਉਂਕਿ ਉਸਦੀ ਨੰਨ੍ਹੀ ਕੁੜੀ ਦੀ ਹਿਫਾਜ਼ਤ ਵੀ ਸਰਦਾਰ ਨੇ ਕੀਤੀ ਸੀ । ਇਹ ਗੱਲ ਯਾਦ ਕਰ ਉਸਨੇ ਸਰਦਾਰ ਮੁੰਡੇ ਨੂੰ ਕੰਮ ਤੇ ਰੱਖ ਲਿਆ ਅਤੇ ਮੈਨੇਜਰ ਇੱਕ ਹਫਤੇ ਬਾਅਦ ਜੋ ਫਿਰ ਇੰਟਰਵਿਊ ਹੋਣੀ ਹੈ ਉਸ ਵਾਰੇ ਸ਼ਾਨ ਨੂੰ ਦੱਸਦਾ। ਇੰਟਰਵਿਊ ਵਿੱਚ ਹੋਇਆ ਸਭ ਦੇਖ ਸ਼ਾਨ ਬਹੁਤ ਹੈਰਾਨ ਹੋਇਆ ਅਤੇ ਸ਼ਾਇਦ ਉਹਨੂੰ ਮਾਂ ਦੇ ਬੋਲਾਂ ਦਾ ਅਸਰ ਵੀ ਹੁੰਦਾ ਹੈ। ਉਸ ਦੁਕਾਨ ਤੇ ਹੀ ਕੰਮ ਲੱਭਣਾ ਜਿਸ ਵਿੱਚ ਸਰਦਾਰ ਬੰਦੇ ਦੀ ਵੱਧ ਕਦਰ ਸੀ ਇਹ ਕੌਈ ਕੁਦਰਤੀ ਖੇਡ ਨਹੀਂ ਸੀ ਬਲਕਿ ਕਵਲ ਦੀ ਇੱਕ ਕੋਸ਼ਿਸ਼ ਸੀ ਕਿਉਂਕਿ ਉਸ ਸ਼ਹਿਰ ਵਿੱਚ ਕੁਝ ਦਿਨਾਂ ਪਹਿਲਾਂ ਇੱਕ ਕੁੜੀ ਨੂੰ ਸਰਦਾਰ ਨੇ ਆਪਣੀ ਪੱਗ ਦੀ ਮਦਦ ਨਾਲ ਡੁੱਬਣ ਤੋਂ ਬਚਿਆ ਸੀ। ਕੁੱਝ ਸਮੇਂ ਪਿੱਛੋਂ ਕਵਲ ਘਰ ਆਉਂਦੀ  ਹੈ ਤੇ ਸ਼ਾਨ ਫਿਰ ਸ਼ੀਸ਼ੇ ਅੱਗੇ ਖੜਾ ਸੀ ਤੇ ਕਵਲ ਕੋਲ ਆਉਂਦੀ ਹੈ।

ਸ਼ਾਨ - ਮੰਮੀ ਇਹ ਪੱਗਪਿੰਨ ਫੜਾਉਣਾ

ਕਵਲ- (ਬਹੁਤ ਹੀ ਖੁਸ਼ੀ ਨਾਲ ਸ਼ਾਨ ਵੱਲ ਦੇਖਦੀ ਹੈ) ਹਾਂ ਪੁੱਤ, ਨਜ਼ਰ ਨਾ ਲੱਗ ਜਾਵੇ ਸ਼ਾਨ ਤੈਨੂੰ ਬੜਾ ਸੋਹਣਾ ਲੱਗਦਾ ਵਾ।

ਸ਼ਾਨ - ਹੁਣ ਖੁਸ਼

ਕਵਲ - ਹਾਂ ਬਹੁਤ, ਚੱਲ ਇਹ ਦੱਸ ਕੀ ਬਣਇਆ ਤੇਰੀ ਜੌਬ ਦਾ

ਸ਼ਾਨ - ਮੰਮੀ ਉੱਥੇ ਹਜੇ ਨਹੀਂ ਬਣਾਇਆ ਪਰ ਹਾਂ ਇੱਕ ਹਫਤੇ ਨੂੰ ਫਿਰ ਆ ਇੰਟਰਵਿਊ

ਕਵਲ - ਫਿਰ

ਸ਼ਾਨ - ਹਾਂਜੀ ਮੰਮੀ ਮੈਂ ਬਾਅਦ 'ਚ ਦੱਸਦਾ ਸਭ ਹਲੇ ਮੈਨੂੰ ਪੱਗ ਬੰਨ੍ਹਣ ਦਵੋ ਫਿਰ ਮੈਂ ਆਗਲੀ ਇੰਟਰਵਿਊ ਦੀ ਤਿਆਰੀ ਵੀ ਕਰਨੀ ਆ।

ਕਵਲ - ਚੰਗਾ ਪੁੱਤ

ਸ਼ਾਨ ਦੇ ਪੱਗ ਬੰਨ੍ਹਣ ਤੋਂ ਬਾਅਦ ਉਹ ਦੂਜੇ ਕਮਰੇ ਵਿੱਚ ਚਲਾ ਜਾਂਦਾ ਹੈ ਅਤੇ ਕਵਲ ਫਿਰ ਸ਼ੀਸ਼ੇ ਅੱਗੇ ਖੜੀ ਹੁੰਦੀ ਹੈ। “ਹੁਣ ਮੇਰੀ ਵਾਰੀ ਮੁੱਕ ਗਈ ਹੈ ਮੈਂ ਸਭ ਸਹੀ ਕਰਤਾ”

ਕੀ ਹੈ ਤੇਰੇ ਵਿੱਚ ਇਹੋ ਜਿਹਾ ਜੋ ਸਦਾ ਹੀ ਹੱਸਦੀ ਰਹਿਣੀ ਐ,

ਚੁੱਪ ਚੁਪੀਤੇ ਸਾਰੇ ਦਰਦ ਇਕੱਲੀ ਹੀ ਸਹਿਣੀ ਐ,

ਇਸ ਚਲਾਕ ਦੁਨੀਆਂ ਤੋਂ ਤੂੰ ਅੰਮੀਏ ਦੂਰ ਜਿਹੀ ਲੱਗਦੀ ਐ,

ਇੰਨੇ ਸਾਦੇਪਣ ਵਿੱਚ ਵੀ ਤੂੰ ਮੈਨੂੰ ਅਰਸ਼ਾਂ ਦੀ ਹੂਰ ਜਿਹੀ ਲਗਦੀ ਐ।

ਕਿਥੋਂ ਸਿੱਖਿਆ ਇਹ ਤਰੀਕਾ ਇੰਨੇ ਪਿਆਰ ਨਾਲ ਗੱਲਵਕੜੀ ਪਾ ਲੈਣ ਦਾ,

ਦੋ ਜਨਮ ਲਾ ਦਿਆ ਤੇਰੀ ਤਾਰੀਫ਼ ਕਰਦਿਆਂ ਇੱਕ ਵਾਰ ਮੋਕਾ ਤਾਂ ਦੇ ਕਹਿਣ ਦਾ,

ਇਸ ਤੱਤੀਆਂ ਹਵਾਵਾਂ ਵਿਚ ਤੂੰ ਕਣੀਆ ਦੀ ਭੂਰ ਜਿਹੀ ਲੱਗਦੀ ਐ,

ਇੰਨੇ ਸਾਦੇਪਣ ਵਿੱਚ ਵੀ ਤੂੰ ਮੈਨੂੰ ਅਰਸ਼ਾਂ ਦੀ ਹੂਰ ਜਿਹੀ ਲੱਗਦੀ ਐ।

ਮੈਨੂੰ ਜਨਮ ਦਿੱਤਾ ਮੇਰੇ ਲਈ ਦਰਦ ਸੇਹਾ,

ਕਿੰਨੀਆਂ ਕੀਤੀਆਂ ਮੈਂ ਗੱਲਤੀਆਂ ਪਰ ਤੂੰ ਕੁਝ ਨਾ ਕਿਹਾ,

ਸਾਰੀ ਜੰਨਤ ਤੇਰੇ ਚਰਨਾਂ ਦੀ ਧੂੜ ਜਿਹੀ ਲੱਗਦੀ ਐ,

ਇੰਨੇ ਸਾਦੇਪਣ ਵਿੱਚ ਵੀ ਤੂੰ ਮੈਨੂੰ ਅਰਸ਼ਾਂ ਦੀ ਹੂਰ ਜਿਹੀ ਲੱਗਦੀ ਐ।

ਮੇਰੀ ਖੁਸ਼ੀ ਲਈ ਪਾਠ ਤੇ ਦੁੱਖਾਂ ਵਿੱਚ ਅਰਦਾਸ ਵੀ ਕਰਦੀ ਐ,

ਕਦੇ ਮੈਨੂੰ ਟੁੱਟਣ ਨਹੀਂ ਦਿੰਦੀ ਬਣ ਪਰਛਾਂਵਾ ਪਿੱਛੇ ਖੜਦੀ ਐ,,

"ਕਮਲੋ" ਦੀਆਂ ਕਵਿਤਾਵਾਂ ਵਿਚ ਤੂੰ ਮਸ਼ਹੂਰ ਜਿਹੀ ਲੱਗਦੀ ਐ,

ਇੰਨੇ ਸਾਦੇਪਣ ਵਿੱਚ ਵੀ ਤੂੰ ਅਰਸ਼ਾਂ ਦੀ ਹੂਰ ਜਿਹੀ ਲੱਗਦੀ ਐ।।

_ ਕੋਮਲ ✍️

ਇਹ ਕਹਾਣੀ ਵਿੱਚ ਮੈਂ ਪੱਗ ਬੰਨ੍ਹਣ ਦੇ ਫਾਇਦੇ ਨਹੀਂ ਦੱਸੇ ਸਗੋਂ ਇੱਕ ਔਰਤ ਦਰਸਾਈ ਹੈ ਕਿ ਕੁੱਝ ਕਰਨਾ ਨਾ ਕਰਨਾ ਬੰਦੇ ਦੇ ਆਪਣੇ ਹੱਥ ਹੁੰਦਾ ਹੈ ਕਈ ਵਾਰ ਬੜੇ ਚਲਾਕ ਬੰਦੇ ਹਾਰ ਜਾਂਦੇ ਨੇ ਅਤੇ ਕਈ ਵਾਰ ਕੁੱਝ ਕਰਨ ਦੀ ਚਾਹਤ ਨਾਲ ਮਾਸੂਮ ਲੋਕ ਵੀ ਜਿੱਤ ਹਾਸਿਲ ਕਰ ਜਾਂਦੇ ਹਨ।

# <u>ਸੰਪਰਕ</u>


**+91 8360062186**

Instagram

**@komal_guraya**

G-mail

**kkomalpreet443@gmail.com**


(ਇਸ ਕਹਾਣੀ ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਤੁਸੀਂ ਸਾਨੂੰ ਵੱਸਟਐੱਪ ਤੇ ਮੈਸਜ ਕਰ ਸਕਦੇ ਹੋ )


ਪੰਜਾਬੀ ਲਾਇਬ੍ਰੇਰੀ

PUNJABI LIBRARY

www.PunjabiLibrary.com